# ਖ਼ਾਲਸਾ ਸਕੂਲ ਕੈਲਗਰੀ

# ਪੰਜਾਬੀ ਖ਼ਬਰਨਾਮਾ

## ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ

੨੯ ਮਾਰਚ ਦਿਨ ਵੀਰਵਾਰ ਨੂੰ ਖ਼ਾਲਸਾ ਸਕੂਲ ਵਿਖੇ ਬੜੇ ਪਿਆਰ ਅਤੇ ਉਤਸ਼ਾਹ ਨਾਲ ਖ਼ਾਲਸੇ ਦਾ ਸਾਜਨਾ ਦਿਵਸ ਅਤੇ ਹੋਲਾ ਮਹੱਲਾ ਮਨਾਇਆ ਗਿਆ। ਬੱਚਿਆਂ ਨੇ ਵੱਖ-ਵੱਖ ਪ੍ਰਕਾਰ ਦੇ ਸੈਂਟਰਾਂ ਵਿੱਚ ਸਿੱਖ ਇਤਿਹਾਸ ਦੀ ਜਾਣਕਾਰੀ ਪ੍ਰਾਪਤ ਕੀਤੀ ।ਉਚੇਚੇ ਤੌਰ ਤੇ ਬੁਲਾਏ ਗਏ ਸਿੱਖ ਯੂਥ ਦੇ ਵਲੰਟੀਅਰਜ਼ ਨੇ ਬੱਚਿਆਂ ਨੂੰ ਅਮੀਰ ਵਿਰਸੇ ਨਾਲ ਜੋੜਿਆ।

ਬੜੇ ਮਾਣ ਨਾਲ ਆਪ ਸਭ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ੨੪ ਮਈ ਦਿਨ ਸ਼ੁੱਕਰਵਾਰ ਨੂੰ 'ਸਿੱਖੀ ਦਿਹਾੜਾ' (**Sikhi Fair**) ਮਨਾਇਆ ਜਾ ਰਿਹਾ ਹੈ। ਇਸ ਦਿਨ ਦੀ ਉਡੀਕ ਬੱਚੇ ਬੜੀ ਬੇਸਬਰੀ ਨਾਲ ਕਰਦੇ ਹਨ। ਇਸ ਵਿੱਚ ਡਵੀਜ਼ਨ ੨ ਅਤੇ ੩ ਦੇ ਬੱਚਿਆਂ ਨੂੰ ਭਾਗ ਲੈਣ ਦਾ ਮੌਕਾ ਮਿਲੇਗਾ। ਪ੍ਰੋਜੈਕਟਾਂ ਦੇ ਵਿਸ਼ਿਆਂ ਦੀ ਜਾਣਕਾਰੀ ਪੰਜਾਬੀ ਦੇ ਅਧਿਆਪਕ ਅਪ੍ਰੈਲ ਦੀਆਂ ਛੁੱਟੀਆਂ ਵਿੱਚ ਸਾਂਝੀ ਕਰਨਗੇ। ਛੁੱਟੀਆਂ ਦੌਰਾਨ ਬੱਚੇ ਪ੍ਰੋਜੈਕਟਾਂ ਉੱਪਰ ਕੰਮ ਕਰ ਸਕਦੇ ਹਨ। ਕਲਾਸਾਂ ਵਿੱਚ ਪੰਜਾਬੀ ਟੀਚਰ ਵਿਦਿਆਰਥੀਆਂ ਦੀ ਮਦਦ ਕਰਨਗੇ। ੧੫ ਅਤੇ ੧੬ ਮਈ ਨੂੰ ਵਿਦਿਆਰਥੀ ਆਪਣੇ ਅਧਿਆਪਕਾਂ ਨੂੰ ਪ੍ਰੋਜੈਕਟ ਪੇਸ਼ ਕਰਨਗੇ। ਅਧਿਆਪਕਾਂ ਵੱਲੋਂ ਚੁਣੇ ਗਏ ਵਿਦਿਆਰਥੀ ਹੀ ੨੪ ਮਈ ਨੂੰ ਵੱਡੇ ਜਿਮ ਵਿੱਚ ਇਸ 'ਸਿੱਖੀ ਦਿਹਾੜੇ' ਵਿੱਚ ਭਾਗ ਲੈਣਗੇ।

ਇਸ 'Sikhi Fair' ਵਿੱਚ ਮੋਮ ਦਾ ਅਜਾਇਬ ਘਰ (Wax Museum) ਵੀ ਤਿਆਰ ਕੀਤਾ ਜਾਵੇਗਾ। ਜਿਸ ਵਿੱਚ ਬੱਚੇ ਪ੍ਰਮੁੱਖ ਸਿੱਖ ਸ਼ਖਸੀਅਤਾਂ ਦੇ ਜੀਵਨ ਅਤੇ ਪ੍ਰਾਪਤੀਆਂ ਬਾਰੇ ਜਾਣਕਾਰੀ ਦੇਣਗੇ। ਹਰ ਸੰਵੇਦਨਸ਼ੀਲ ਪੱਖ ਨੂੰ ਧਿਆਨ ਵਿੱਚ ਰੱਖ ਕੇ ਬੱਚੇ ਇਸ ਦੀ ਤਿਆਰੀ ਕਰਨਗੇ। ਸਾਰੇ ਬੱਚਿਆਂ ਨੂੰ ਬੇਨਤੀ ਹੈ ਕਿ ਗੁਰੂ ਸਾਹਿਬਾਨ ਜੀ ਦਾ ਰੂਪ ਨਾ ਧਾਰਨ ਕਰਨ ਅਤੇ ਕਿਸੇ ਵੀ ਪ੍ਰਕਾਰ ਦੀ ਨਕਲ ਅਤੇ ਬੇਅਦਬੀ ਨਾ ਕੀਤੀ ਜਾਵੇ। ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ ਆਪਣੇ ਅਧਿਆਪਕ ਨਾਲ ਸੰਪਰਕ ਕੀਤਾ ਜਾਵੇ।

ਸਾਰੇ ਮਾਪਿਆਂ ਨੂੰ ੨੪ ਮਈ ਦਿਨ ਸ਼ੁੱਕਰਵਾਰ ਨੂੰ ਇਸ 'ਸਿੱਖੀ ਮੇਲੇ' ਵਿੱਚ ਆਉਣ ਦਾ ਸੱਦਾ ਦਿੱਤਾ ਜਾਂਦਾ ਹੈ। ਅਸੀਂ ਉਮੀਦ ਕਰਦੇ ਹਾਂ ਕਿ ਤੁਸੀਂ ਆਪਣਾ ਕੀਮਤੀ ਸਮਾਂ ਕੱਢ ਕੇ ਬੱਚਿਆਂ ਦਾ ਹੌਂਸਲਾ ਵਧਾਉਣ ਜ਼ਰੂਰ ਆਵੋਗੇ ਅਤੇ ਇਸ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਵਿੱਚ ਸਾਡਾ ਸਾਥ ਦੇਵੋਗੇ।


Happy
Vaisakhi









